

Khalistan Affairs Centre
956-National Press Building
Washington, DC
20045
Ph: 202-637-9210
Fax: 202-637-9211
Email: kacwashdc@yahoo.com
www.khalistan-affairs.org

# ਖਾਲਿਸਤਾਨ ਕਾਲਿੰਗ

## ਡਾ. ਅਮਰਜੀਤ ਸਿੰਘ ਵਾਸ਼ਿੰਗਟਨ ਡੀ. ਸੀ. ਦੀ ਕਲਮ ਤੋਂ

---

# "ਹਾਂਸੀ-ਬੁਟਾਣਾ ਨਹਿਰ ਦੇ ਮੁੱਦੇ 'ਤੇ ਸੈਂਟਰਲ ਵਾਟਰ ਕਮਿਸ਼ਨ ਹਰਿਆਣੇ ਦੇ ਹੱਕ ਵਿੱਚ ਭੁਗਤ ਰਿਹਾ ਹੈ -ਪੰਜਾਬ ਸਰਕਾਰ"

## *ਭਾਰਤੀ ਸੁਪਰੀਮ ਕੋਰਟ ਵਲੋਂ, ਪੰਜਾਬ ਦੇ ਦਰਿਆਈ ਪਾਣੀਆਂ ਦੀ, ਹਰਿਆਣਾ-ਰਾਜਸਥਾਨ ਵਲੋਂ ਲੁੱਟ ਨੂੰ 'ਸਦੀਵੀ ਪੱਕਿਆਂ' ਕਰਨ ਲਈ 'ਸੰਵਿਧਾਨਕ ਮੋਹਰ' ਲਾਉਣ ਦੀਆਂ ਤਿਆਰੀਆਂ*

ਵਾਸ਼ਿੰਗਟਨ (ਡੀ. ਸੀ.) 14 ਮਈ, 2008 – 7 ਮਈ ਦੀ ਇੰਗਲਿਸ਼ ਟ੍ਰਿਬਿਊਨ (ਚੰਡੀਗੜ੍ਹ ਤੋਂ ਪ੍ਰਕਾਸ਼ਿਤ) ਅਖਬਾਰ ਵਿਚਲੀ ਇੱਕ ਨਿਊਜ਼ ਸਟੋਰੀ ਦਾ ਸਿਰਲੇਖ ਹੈ – 'ਹਾਂਸੀ ਬੁਟਾਣਾ ਨਹਿਰ ਦੇ ਮੁੱਦੇ 'ਤੇ ਸੈਂਟਰਲ ਵਾਟਰ ਕਮਿਸ਼ਨ ਵਲੋਂ ਹਰਿਆਣੇ ਦੀ ਤਰਫਦਾਰੀ – ਪੰਜਾਬ ਤੇ ਰਾਜਸਥਾਨ ਦਾ ਦੋਸ਼' ਖਬਰ ਦਾ ਵੇਰਵਾ ਇਸ ਪ੍ਰਕਾਰ ਹੈ – "ਪੰਜਾਬ ਤੇ ਰਾਜਸਥਾਨ ਦਾ ਇਹ ਦਸ਼ਾ ਕਿ ਸੈਂਟਰਲ ਵਾਟਰ ਕਮਿਸ਼ਨ, ਹਾਂਸੀ-ਬੁਟਾਣਾ ਨਹਿਰ ਦੇ ਮਾਮਲੇ ਵਿੱਚ ਹਰਿਆਣੇ ਦੇ ਹੱਕ ਵਿੱਚ ਭੁਗਤੇਗਾ- ਸਹੀ ਸਾਬਤ ਹੋਇਆ ਹੈ ਜਿਹੜਾ ਕਿ ਉਸ ਵਲੋਂ ਸੁਪਰੀਮ ਕੋਰਟ ਨੂੰ ਦਿੱਤੀ ਗਈ ਰਿਪੋਰਟ ਤੋਂ ਜ਼ਾਹਰ ਹੁੰਦਾ ਹੈ। ਪੰਜਾਬ ਸਰਕਾਰ ਦੇ ਇੱਕ ਬੁਲਾਰੇ ਦਾ ਕਹਿਣਾ ਹੈ –'ਸਾਨੂੰ ਇਸ ਗੱਲ ਦੀ ਕਤਈ ਆਸ ਨਹੀਂ ਸੀ ਕਿ ਸੈਂਟਰਲ ਵਾਟਰ ਕਮਿਸ਼ਨ, ਹਰਿਆਣੇ ਦੀ ਮੱਦਦ ਕਰਣ ਲਈ ਇਸ ਹੱਦ ਤੱਕ ਜਾ ਸਕਦਾ ਹੈ।' ਬੁਲਾਰੇ ਨੇ ਇਹ ਵੀ ਕਿਹਾ ਕਿ ਸੈਂਟਰਲ ਵਾਟਰ ਕਮਿਸ਼ਨ ਨੇ ਹਾਂਸੀ-ਬੁਟਾਣਾ ਨਹਿਰ ਨੂੰ ਭਾਖੜਾ ਮੇਨ ਲਾਈਨ ਨਹਿਰ ਨਾਲ ਜੋੜਨ ਸਬੰਧੀ, ਪੰਜਾਬ ਸਰਕਾਰ ਦੇ ਇਤਰਾਜ਼ਾਂ ਨੂੰ ਵੀ 'ਹਲਕੇ ਅੰਦਾਜ਼' ਵਿੱਚ ਲਿਆ ਹੈ,

ਜਿਵੇਂ ਕਿ ਉਸ ਵਲੋਂ ਵਰਤੀ ਗਈ ਭਾਸ਼ਾ ਤੋਂ ਸਪੱਸ਼ਟ ਹੁੰਦਾ ਹੈ ਜਿਵੇਂ ਕਿ –'ਸ਼ਾਇਦ ਗੰਭੀਰ ਨਾ ਹੋਵੇ' ਜਾਂ 'ਸ਼ਾਇਦ ਮਹੱਤਵਪੂਰਨ ਨਾ ਹੋਵੇ' ਆਦਿ!! ਪਰ ਪੰਜਾਬ ਤੇ ਰਾਜਸਥਾਨ ਨੇ ਇਸ ਗੱਲੋਂ ਤਸੱਲੀ ਜਤਾਈ ਹੈ ਕਿ ਭਾਰਤੀ ਸੁਪਰੀਮ ਕੋਰਟ ਨੇ, ਪੰਜਾਬ ਤੇ ਰਾਜਸਥਾਨ ਵਲੋਂ ਉਠਾਏ ਇਤਰਾਜ਼ਾਂ ਦਾ ਨੋਟਿਸ ਲੈਂਦਿਆਂ, ਇਹਨਾਂ ਦੇ ਪੱਖ ਨੂੰ ਸੁਨਣ ਦਾ ਫੈਸਲਾ ਕੀਤਾ ਹੈ।

ਰਾਜਸਥਾਨ ਸਰਕਾਰ ਨੇ, ਸੁਪਰੀਮ ਕੋਰਟ ਨੂੰ ਦੱਸਿਆ ਹੈ ਕਿ ਉਹ ਹਾਂਸੀ–ਬੁਟਾਣਾ ਨਹਿਰ ਨੂੰ, ਭਾਖੜਾ ਮੇਨ ਲਾਈਨ ਨਹਿਰ ਨਾਲ ਜੋੜਨ ਦੀ ਕਦੀ ਵੀ ਆਗਿਆ ਨਹੀਂ ਦੇਵੇਗਾ। ਇਸ ਨਹਿਰ ਨੂੰ ਸਮਾਣੇ ਨੇੜੇ ਭਾਖੜਾ ਮੇਨ ਲਾਈਨ ਨਹਿਰ ਨਾਲ ਜੋੜਿਆ ਜਾਣਾ ਹੈ।"

"ਪੰਜਾਬ ਸਰਕਾਰ ਵਲੋਂ ਇਹ ਸਟੈਂਡ ਲਿਆ ਗਿਆ ਹੈ ਕਿ ਹਾਂਸੀ–ਬੁਟਾਣਾ ਨਹਿਰ ਪ੍ਰੋਜੈਕਟ, ਅੰਤਰ–ਰਾਜੀ ਸਟੇਟਾਂ ਦੇ ਮੈਂਬਰਾਂ ਲਈ ਗੰਭੀਰ ਉਲਝਣਾ ਪੈਦਾ ਕਰੇਗਾ। ਇਸ ਪ੍ਰੋਜੈਕਟ ਵਿੱਚ ਪੰਜਾਬ ਨੂੰ ਪੇਸ਼ ਆਉਣ ਵਾਲੀਆਂ 'ਵਾਤਾਵਰਣ' ਸਬੰਧੀ ਮੁਸ਼ਕਲਾਂ ਨੂੰ ਵੀ ਧਿਆਨ ਵਿੱਚ ਨਹੀਂ ਰੱਖਿਆ ਗਿਆ। ਇਸ ਤੋਂ ਇਲਾਵਾ ਹਰਿਆਣੇ ਵਲੋਂ ਨਹਿਰ ਦੀ ਖੁਦਾਈ ਕਰਨਾ, ਭਾਖੜਾ ਐਗਰੀਮੈਂਟ ਐਕਟ, 1959 ਦੀ ਵੀ ਸਪੱਸ਼ਟ ਉਲੰਘਣਾ ਹੈ.......ਜਿਹੜੀ ਗੱਲ ਨੇ ਪੰਜਾਬ ਨੂੰ ਬਹੁਤਿਆਂ ਦੁਖੀ ਕੀਤਾ ਹੈ ਉਹ ਹੈ ਸੈਂਟਰਲ ਵਾਟਰ ਕਸ਼ਿਨ ਵਲੋਂ ਨਹਿਰ ਸੰਬਧੀ ਨਿਰਪੱਖ ਰਿਪੋਰਟ ਨਾ ਦੇਣਾ। ਕਮਿਸ਼ਨ ਨੇ ਪੰਜਾਬ ਵਲੋਂ ਖੜੇ ਕੀਤੇ ਗਏ ਗੰਭੀਰ ਇਤਰਾਜ਼ਾਂ ਜਿਵੇਂ – ਹੜ੍ਹਾਂ ਦੀ ਸੰਭਾਵਨਾ ਜਾਂ ਇਲਾਕੇ ਵਿੱਚ ਸੇਮ ਦੀ ਮਾਰ ਹੋਣਾ ਆਦਿਕ ਨੂੰ ਇਹ ਕਹਿ ਕੇ ਰੱਦੀ ਦੀ ਟੋਕਰੀ ਵਿੱਚ ਸੁੱਟ ਦਿੱਤਾ ਕਿ ਹਰਿਆਣੇ ਨੂੰ ਇੱਕ ਨਵੀਂ 'ਪ੍ਰੋਜੈਕਟ ਰਿਪੋਰਟ' ਲਿਖਣ ਲਈ ਕਿਹਾ ਜਾਵੇਗਾ ਤਾਂ ਕਿ ਇਨ੍ਹਾਂ ਗੱਲਾਂ ਦਾ ਧਿਆਨ ਰੱਖਿਆ ਜਾਵੇ। ਪੰਜਾਬ ਸਰਕਾਰ ਨੇ ਇਸ ਗੱਲ 'ਤੇ ਵੀ ਅਫਸੋਸ ਜਤਾਇਆ ਹੈ ਕਿ ਉਸਨੂੰ ਸੈਂਟਰਲ ਵਾਟਰ ਕਮਿਸ਼ਨ ਦੇ ਚੀਫ ਇੰਜਨੀਅਰ ਏ. ਕੇ. ਬਜਾਜ ਵਲੋਂ ਤਿਆਰ ਕੀਤੀ ਗਈ ਰਿਪੋਰਟ ਦੀ ਕਾਪੀ ਵੀ ਨਹੀਂ ਦਿੱਤੀ ਗਈ। ਚੀਫ ਇੰਜਨੀਅਰ ਬਜਾਜ ਨੇ ਇਹ ਰਿਪੋਰਟ ਪੰਜਾਬ ਦੇ ਹਰਿਆਣਾ ਦੇ ਇੰਜਨੀਅਰਾਂ ਨਾਲ ਗੱਲਬਾਤ ਕਰਕੇ ਅਤੇ ਮੌਕੇ ਦਾ ਜਾਇਜ਼ਾ ਲੈਣ ਤੋਂ ਬਾਅਦ ਤਿਆਰ ਕੀਤੀ ਸੀ। ਜਿਹੜੀ ਗੱਲ ਨੇ, ਪੰਜਾਬ ਨੂੰ ਹੋਰ ਸ਼ੱਕੀ ਬਣਾਇਆ, ਉਹ ਇਹ ਹੈ ਕਿ ਰਿਪੋਰਟ ਦੇਣ ਤੋਂ ਬਾਅਦ ਚੀਫ ਇੰਜਨੀਅਰ ਬਜਾਜ ਦਾ ਚੰਡੀਗੜ੍ਹ ਆਫਿਸ ਤੋਂ ਕਿਤੇ ਦੂਰ ਤਬਾਦਲਾ ਕਰ ਦਿੱਤਾ ਗਿਆ।"

"ਪੰਜਾਬ ਮਹਿਸੂਸ ਕਰਦਾ ਹੈ ਕਿ ਸੈਂਟਰਲ ਵਾਟਰ ਕਮਿਸ਼ਨ ਨੇ, ਇੱਕ ਨਿਰਪੱਖ ਸੰਸਥਾ ਵਾਲੀ ਆਪਣੀ ਛਵੀ ਨੂੰ ਖਰਾਬ ਕਰ ਲਿਆ ਹੈ। ਇੱਕ ਸੀਨੀਅਰ ਨੇਤਾ ਦਾ ਕਹਿਣਾ ਹੈ ਕਿ ਸੈਂਟਰਲ ਵਾਟਰ ਕਮਿਸ਼ਨ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਬਿਨਾ ਬਾਕੀ ਸਾਥੀ ਸਟੇਟਾਂ ਦੀ ਮਰਜ਼ੀ ਦੇ ਭਾਖੜਾ ਮੇਨ ਲਾਈਨ ਨਹਿਰ ਨਾਲ ਛੇੜਛਾੜ ਕਰਨਾ, ਖਤਰਨਾਕ ਸਿੱਟੇ ਪੈਦਾ ਕਰ ਸਕਦਾ ਹੈ......"

ਪਾਠਕਜਨ! ਉਪਰੋਕਤ ਖਬਰ, ਇੰਗਲਿਸ਼ ਟ੍ਰਿਬਿਊਨ ਦੀ ਖਬਰ ਦਾ ਇੰਨ–ਬਿੰਨ ਪੰਜਾਬੀ ਅਨੁਵਾਦ ਹੈ। ਹੈਰਾਨੀ ਇਸ ਗੱਲ ਦੀ ਨਹੀਂ ਕਿ ਸੈਂਟਰਲ ਵਾਟਰ ਕਮਿਸ਼ਨ ਵਲੋਂ ਹਾਂਸੀ–ਬੁਟਾਣਾ ਨਹਿਰ ਸਬੰਧੀ, ਸੁਪਰੀਮ ਕੋਰਟ ਨੂੰ ਸੌਂਪੀ ਰਿਪੋਰਟ ਹਰਿਆਣੇ ਦੇ ਪੱਖ ਵਿੱਚ ਦਿੱਤੀ ਗਈ ਹੈ ਬਲਕਿ ਹੈਰਾਨੀ ਇਸ ਗੱਲ ਦੀ ਹੈ ਕਿ ਪੰਜਾਬ ਸਰਕਾਰ ਇਹ ਕਿਉਂ ਸੋਚਦੀ ਸੀ ਕਿ ਇਹ ਰਿਪੋਰਟ ਹਰਿਆਣੇ ਦੇ ਹੱਕ ਵਿੱਚ ਨਹੀਂ ਹੋਵੇਗੀ? ਅਸੀਂ 2 ਜਨਵਰੀ, 2008 ਨੂੰ ਲਿਖੇ 'ਖਾਲਿਸਤਾਨ ਕਾਲਿੰਗ' ਦਾ ਸਿਰਲੇਖ ਇਹ ਦਿੱਤਾ ਸੀ – 'ਸੈਂਟਰਲ ਵਾਟਰ ਕਮਿਸ਼ਨ ਵਲੋਂ ਹਾਂਸੀ–ਬੁਟਾਣਾ ਨਹਿਰ ਸਬੰਧੀ ਸੁਪਰੀਮ ਕੋਰਟ ਨੂੰ ਦਿੱਤੀ ਜਾਣ ਵਾਲੀ ਰਿਪੋਰਟ ਬਿਨਾ ਸ਼ੱਕ ਹਰਿਆਣੇ ਦੇ ਹੱਕ ਵਿੱਚ ਹੋਵੇਗੀ'

ਲਿਖਤ ਦੇ ਵੇਰਵੇ ਵਿੱਚ ਇਹ ਦਰਜ ਹੈ –"ਸਾਨੂੰ ਜਾਪਦਾ ਹੈ ਕਿ ਵਰ੍ਹਾ 2008 ਦੇ ਆਰੰਭ ਵਿੱਚ ਹੀ ਪੰਜਾਬ ਦੇ ਦਰਿਆਈ ਪਾਣੀਆਂ ਦੀ ਭਵਿੱਖ ਵਿਚਲੀ ਲੁੱਟ ਨੂੰ, ਸੰਵਿਧਾਨਕ ਮੋਹਰ ਨਾਲ, ਸੁਪਰੀਮ ਕੋਰਟ ਵਲੋਂ 'ਜਾਇਜ਼' ਠਹਿਰਾ ਦਿੱਤਾ ਜਾਏਗਾ। ਸਤੰਬਰ, 2007 (17–18 ਸਤੰਬਰ) ਵਿੱਚ, ਭਾਰਤੀ ਸੁਪਰੀਮ ਕੋਰਟ ਦੇ ਇੱਕ ਪੈਨਲ (ਚੀਫ ਜਸਟਿਸ ਕੇ. ਜੀ. ਬਾਲਾਕ੍ਰਿਸ਼ਨਨ, ਜਸਟਿਸ ਆਰ. ਵੀ ਰਵਿੰਦਰਨ ਅਤੇ ਜਸਟਿਸ ਦਲਵੀਰ ਭੰਡਾਰੀ) ਨੇ ਸੈਂਟਰਲ ਵਾਟਰ ਕਮਿਸ਼ਨ ਨੂੰ ਹਦਾਇਤ ਕੀਤੀ ਸੀ ਕਿ ਉਹ ਦਸੰਬਰ ਤੱਕ 109 ਕਿਲੋਮੀਟਰ ਲੰਬੀ ਹਾਂਸੀ–ਬੁਟਾਣਾ ਨਹਿਰ (ਜਿਹੜੀ ਕਿ ਹਰਿਆਣੇ ਵਲੋਂ ਸਾਰੇ ਸਮਝੌਤਿਆਂ ਦੀਆਂ ਧੱਜੀਆਂ ਉਡਾ ਕੇ ਬਣਾਈ ਜਾ ਰਹੀ ਹੈ) ਸਬੰਧੀ ਰਿਪੋਰਟ ਪੇਸ਼ ਕਰੇ। ਆਸ ਹੈ ਕਿ ਆਉਂਦੇ ਦਿਨਾਂ ਵਿੱਚ ਕਿਸੇ ਵੇਲੇ ਵੀ ਇਹ ਰਿਪੋਰਟ ਸੁਪਰੀਮ ਕੋਰਟ ਵਿੱਚ ਪੇਸ਼ ਕਰ ਦਿੱਤੀ ਜਾਵੇਗੀ। ਇਨ੍ਹਾਂ ਕਮਿਸ਼ਨਾਂ ਦੇ ਬੀਤੇ ਦੇ ਵਰਤਾਰੇ ਨੂੰ ਵੇਖਦਿਆਂ ਕੋਈ ਸ਼ੱਕ ਨਹੀਂ ਹੋਣਾ ਚਾਹੀਦਾ ਕਿ ਇਹ ਰਿਪੋਰਟ ਹਰਿਆਣੇ ਦੇ ਹੱਕ ਵਿੱਚ ਹੀ ਹੋਵੇਗੀ। ਇਸ ਨਹਿਰ ਸਬੰਧੀ ਸੁਪਰੀਮ ਕੋਰਟ ਨੂੰ ਦਿੱਤੀ ਗਈ ਪਟੀਸ਼ਨ ਵਿੱਚ ਪੰਜਾਬ ਸਰਕਾਰ ਦੇ ਸੀਨੀਅਰ ਕੌਂਸਲ (ਰਾਜੀਵ ਧਵਨ) ਨੇ ਕਿਹਾ ਸੀ, "ਹਰਿਆਣਾ ਸਟੇਟ (ਜਿਹੜੀ ਕਿ ਨਾਨ ਰਾਈਪੇਰੀਅਨ ਹੈ ਭਾਵ ਕਿ ਇਸ ਦੀ ਹੱਦ ਪੰਜਾਬ ਦੇ ਕਿਸੇ ਦਰਿਆ ਨਾਲ ਨਹੀਂ ਲਗਦੀ) ਨੇ ਹਾਂਸੀ–ਬੁਟਾਣਾ ਨਹਿਰ ਬਣਾਉਣ ਦੀ ਕਿਸੇ ਤੋਂ (ਪੰਜਾਬ, ਰਾਜਸਥਾਨ, ਕੇਂਦਰ) ਕੋਈ ਆਗਿਆ ਨਹੀਂ ਲਈ। ਇਸ ਪ੍ਰੋਜੈਕਟ ਵਿੱਚ ਤਕਨੀਕੀ ਖਰਾਬੀਆਂ ਹਨ ਕਿਉਂਕਿ ਇਸ ਨਾਲ ਪੰਜਾਬ ਦਾ ਕਾਫੀ ਇਲਾਕਾ ਪਾਣੀ ਹੇਠ ਡੁੱਬ ਜਾਵੇਗਾ। ਨਾ ਹੀ ਫੌਰੈਸਟ ਕੰਨਜ਼ਰਵੇਸ਼ਨ ਐਕਟ ਹੇਠ ਕੋਈ ਆਗਿਆ ਲਈ ਗਈ ਹੈ। ਇਹ ਨਹਿਰ ਭਾਖੜਾ ਨੰਗਲ ਐਗਰੀਮੈਂਟ 1959 ਦੀ ਵੀ ਉਲੰਘਣਾ ਹੈ ਕਿਉਂਕਿ ਇਸ ਨੇ 'ਭਾਖੜਾ ਮੇਨ ਲਾਈਨ' ਨੂੰ ਪੰਕਚਰ ਕਰਨਾ ਹੈ। ਇਸ ਨਹਿਰ ਨਾਲ ਪੰਜਾਬ ਦੇ ਇਲਾਕੇ ਵਿੱਚ ਹੜ੍ਹਾਂ ਦੀ ਸੰਭਾਵਨਾ ਵਧ ਜਾਵੇਗੀ। ਪੰਜਾਬ ਸਰਕਾਰ ਦਾ ਕਹਿਣਾ ਹੈ ਕਿ ਇਸ ਨਹਿਰ ਦੀ ਤਾਮੀਰ ਨਾਲ ਪੰਜਾਬ ਦਾ 20,756 ਏਕੜ ਇਲਾਕਾ ਪਾਣੀ

ਹੇਠ ਡੁੱਬੇਗਾ (32 ਪਿੰਡਾਂ ਦਾ ਇਹ ਰਕਬਾ ਹੈ) ਅਤੇ 70 ਪਿੰਡਾਂ ਵਿੱਚ ਰਹਿਣ ਵਾਲੇ ਇੱਕ ਲੱਖ ਤੋਂ ਜ਼ਿਆਦਾ ਲੋਕ ਬੇਘਰ ਹੋਣਗੇ। ਇਸ ਨਾਲ ਮੌਜੂਦਾ ਨਹਿਰੀ ਸਿਸਟਮ ਵੀ ਅਸਤ-ਵਿਅਸਤ ਹੋਵੇਗਾ ਅਤੇ ਉੱਜੜੇ ਲੋਕਾਂ ਦੇ ਮੁੜ-ਵਸੇਬੇ ਦਾ ਇੱਕ ਨਵਾਂ ਝੰਜਟ ਖੜ੍ਹਾ ਹੋਵੇਗਾ।"

"ਵੈਸੇ ਭਾਰਤੀ ਸੁਪਰੀਮ ਕੋਰਟ ਵਲੋਂ, ਪੰਜਾਬ ਦੇ ਪਾਣੀਆਂ ਨਾਲ ਸਬੰਧਿਤ ਤਿੰਨ ਅੱਡ-ਅੱਡ ਕੇਸਾਂ ਨੂੰ ਸੁਣਵਾਈ ਲਈ, ਇੱਕੋ ਥਾਂ ਇਕੱਠਿਆਂ ਕਰਨ ਦੇ ਫੈਸਲੇ 'ਚੋਂ ਹੀ 'ਸਾਜ਼ਿਸ਼ੀ ਬੋਅ' ਆ ਰਹੀ ਹੈ। ਇਨ੍ਹਾਂ ਵਿੱਚ ਪਹਿਲਾ ਕੇਸ ਰਾਜਸਥਾਨ ਹਾਈ ਕੋਰਟ ਦਾ ਉਹ ਫੈਸਲਾ ਹੈ, ਜਿਸ ਵਿੱਚ ਪੰਜਾਬ ਸਰਕਾਰ ਨੂੰ ਕਿਹਾ ਗਿਆ ਹੈ ਕਿ ਉਹ ਰੋਪੜ, ਹਰੀਕੇ ਅਤੇ ਫ਼ਿਰੋਜ਼ਪੁਰ ਹੈਡਵਰਕਸ, ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਹਵਾਲੇ ਕਰੇ। ਦੂਸਰਾ ਕੇਸ, 'ਟਰਮੀਨੇਸ਼ਨ ਆਫ ਵਾਟਰ ਐਗਰੀਮੈਂਟਸ ਐਕਟ - 2004' ਦੀ ਸੰਵਿਧਾਨਿਕਤਾ ਨਾਲ ਸਬੰਧਿਤ ਹੈ। ਤੀਸਰਾ ਕੇਸ, 109 ਕਿਲੋਮੀਟਰ ਲੰਬੀ ਹਾਂਸੀ-ਬੁਟਾਣਾ ਨਹਿਰ ਨਾਲ ਸਬੰਧਿਤ ਹੈ, ਜਿਹੜੀ ਕਿ ਹਰਿਆਣੇ ਵਲੋਂ ਇਸ ਮਕਸਦ ਲਈ ਬਣਾਈ ਜਾ ਰਹੀ ਹੈ ਤਾਂ ਕਿ ਭਾਖ਼ੜਾ ਮੇਨ ਲਾਈਨ ਵਿੱਚ ਪਾੜ (ਪੰਕਚਰ) ਪਾ ਕੇ ਆਪਣੇ ਹਿੱਸੇ ਦੇ ਪਾਣੀ ਨੂੰ ਹਰਿਆਣੇ ਦੇ ਦੱਖਣੀ ਜ਼ਿਲਿਆਂ ਤੱਕ ਪਹੁੰਚਾਇਆ ਜਾ ਸਕੇ। ਅਸਲ ਵਿੱਚ ਇਸ ਨਹਿਰ ਨੂੰ ਸਤਿਲੁਜ-ਯਮੁਨਾ ਲਿੰਕ ਨਹਿਰ ਦੇ ਬਦਲ ਦੇ ਤੌਰ 'ਤੇ ਉਸਾਰਿਆ ਜਾ ਰਿਹਾ ਹੈ।"

ਇੱਕ ਹੋਰ ਹੈਰਾਨੀ ਭਰੀ ਗੱਲ ਇਹ ਹੈ ਕਿ ਪੰਜਾਬ ਸਰਕਾਰ ਨੂੰ ਪਹਿਲਾਂ ਸੈਂਟਰਲ ਵਾਟਰ ਕਮਿਸ਼ਨ 'ਤੇ ਭਰੋਸਾ ਸੀ ਅਤੇ ਹੁਣ ਭਾਰਤੀ ਸੁਪਰੀਮ ਕੋਰਟ ਦੀ ਨਿਆਂਸੰਗਤਤਾ 'ਤੇ ਭਰੋਸਾ ਹੈ। ਰਾਜਸਥਾਨ ਵੀ ਹਾਂਸੀ-ਬੁਟਾਣਾ ਨਹਿਰ ਦੇ ਮੁੱਦੇ 'ਤੇ ਹਰਿਆਣਾ-ਵਿਰੋਧੀ ਹੈ, ਇਸ ਲਈ ਪੰਜਾਬ ਸਰਕਾਰ ਰਾਜਸਥਾਨ ਨੂੰ 'ਮਿੱਤਰ' ਦੇ ਤੌਰ ਤੇ ਦੇਖ ਰਹੀ ਹੈ। ਪਰ ਜਿਉਂ ਹੀ ਪੰਜਾਬ ਵਿਚਲੇ ਰੋਪੜ, ਹਰੀਕੇ ਅਤੇ ਫ਼ਿਰੋਜ਼ਪੁਰ ਹੈਡਵਰਕਸ ਦਾ ਕੇਸ ਸੁਣਵਾਈ ਲਈ ਲੱਗਾ - ਰਾਜਸਥਾਨ, ਹਰਿਆਣੇ ਨਾਲ ਹਾਂਸੀ ਬੁਟਾਣੇ ਨਹਿਰ 'ਤੇ 'ਸਮਝੌਤਾ' ਕਰਕੇ, ਉਸ ਦੀ ਇਸ ਕੇਸ ਵਿੱਚ ਮੱਦਦ ਚਾਹੇਗਾ। ਇਸੇ ਤਰ੍ਹਾਂ 'ਟਰਮੀਨੇਸ਼ਨ ਆਫ ਵਾਟਰ ਐਗਰੀਮੈਂਟਸ ਐਕਟ-2004' ਦੇ ਕੇਸ ਸਬੰਧੀ ਵੀ ਰਾਜਸਥਾਨ ਤੇ ਹਰਿਆਣਾ ਦੀ ਲਾਈਨ ਪੰਜਾਬ ਵਿਰੋਧੀ ਹੈ। ਸੁਪਰੀਮ ਕੋਰਟ ਨੇ ਉਪਰੋਕਤ ਤਿੰਨਾ ਕੇਸਾਂ ਨੂੰ ਇੱਕੋ ਰੱਸੇ ਨਾਲ ਬੰਨ੍ਹ ਕੇ, ਇੱਕੋ ਝਟਕੇ ਨਾਲ ਹੀ ਪੰਜਾਬ ਨੂੰ 'ਮੂਰਛਿਤ' ਕਰ ਦੇਣਾ ਹੈ।

ਸਾਡਾ ਖਦਸ਼ਾ ਹੈ ਕਿ ਸੁਪਰੀਮ ਕੋਰਟ ਦਾ ਫੈਸਲਾ, ਪੰਜਾਬ ਦੇ ਹਿਤਾਂ ਦੇ ਬਿਲਕੁਲ ਵਿਰੁੱਧ ਹੋਵੇਗਾ। ਪੰਜਾਬ ਦੇ ਰਾਜਸੀ ਨੇਤਾਵਾਂ ਵਲੋਂ ਬਿਆਨਬਾਜ਼ੀ ਕੀਤੀ ਜਾਵੇਗੀ, ਪਰ ਕੋਈ ਕਾਰਗਰ ਵਿਰੋਧ ਨਹੀਂ ਹੋਵੇਗਾ। ਪੰਜਾਬ ਦੇ ਹਿਤਾਂ ਦੀ ਰਾਖੀ ਕਰਨ ਵਾਲੀ ਪੰਥਕ ਧਿਰ ਤਾਂ ਅੱਜਕਲ 'ਕੂੜ ਸੌਦਾ' ਮੁੱਦੇ ਵਿੱਚ ਉਲਝੀ ਹੈ ਜਾਂ ਵਿਰੋਧੀ ਬਿਆਨਬਾਜ਼ੀਆਂ ਦਾ ਦੌਰ ਚੱਲ ਰਿਹਾ ਹੈ। ਪਾਣੀ ਦੇ ਮੁੱਦੇ 'ਤੇ ਮੋਰਚਾ ਲਾਉਣ ਦੀ ਵਿਹਲ ਕਿਹਦੇ ਕੋਲ ਹੈ ? ਬਾਦਲ ਸਰਕਾਰ, ਸੁਪਰੀਮ ਕੋਰਟ ਦੇ ਕਿਸੇ ਵੀ ਪੰਜਾਬ ਵਿਰੋਧੀ ਫੈਸਲੇ ਸਬੰਧੀ 'ਰੀਵੀਊ ਪਟੀਸ਼ਨ' ਫਾਇਲ ਕਰਨ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਕਰੇਗੀ। ਬਾਦਲ ਆਪਣੀ ਆਦਤ ਅਨੁਸਾਰ ਦੜ ਵੱਟ ਕੇ ਸਮਾਂ ਲੰਘਾਵੇਗਾ। ਪਰ, 26 ਮਿਲੀਅਨ ਸਿੱਖ ਕੌਮ ਲਈ ਇਹ ਅਤਿ ਜ਼ਰੂਰੀ ਹੈ ਕਿ ਉਹ ਸੰਵਿਧਾਨਕ ਮੋਹਰ ਨਾਲ, ਭਵਿੱਖ ਵਿੱਚ ਹਮੇਸ਼ਾਂ ਲਈ ਹੋਣ ਵਾਲੇ ਪੰਜਾਬ ਦੇ ਪਾਣੀਆਂ ਦੀ ਲੁੱਟ ਨੂੰ ਰੋਕਣ ਲਈ ਲਾਮਬੰਦ ਹੋਵੇ।

ਪੰਜਾਬ ਦਾ ਦਰਿਆਈ ਪਾਣੀ, ਸਾਡੀ ਜੀਵਨ-ਰੇਖਾ (ਲਾਈਫ ਲਾਈਨ) ਹੈ ਅਤੇ ਇਸ ਤੋਂ ਬਿਨ੍ਹਾਂ ਨਾ-ਸਿਰਫ ਪੰਜਾਬ, ਇੱਕ ਮਾਰੂਥਲ ਬਣ ਜਾਵੇਗਾ ਬਲਕਿ ਇਹ ਸਾਡੀਆਂ ਭਵਿੱਖ ਦੀਆਂ ਪੀੜ੍ਹੀਆਂ ਦੀ ਮੁਕੰਮਲ-ਤਬਾਹੀ ਦਾ ਕਾਰਣ ਬਣੇਗਾ। ਸਿੱਖ ਕੌਮ ਨੂੰ ਇਨਸਾਫ ਲੈਣ ਲਈ, ਸਾਰੇ ਤੌਰ-ਤਰੀਕੇ (ਅੰਤਰਰਾਸ਼ਟਰੀ ਕਾਨੂੰਨਾਂ ਅਨੁਸਾਰ) ਵਰਤਣ ਲਈ ਤਿਆਰ ਰਹਿਣਾ ਚਾਹੀਦਾ ਹੈ।

ਪੰਜਾਬੀ ਦੇ ਇਸ ਜਗਤ-ਪ੍ਰਸਿੱਧ ਅਖਾਣ ਚੋਂ ਸਚਾਈ ਡੁੱਲ-ਡੁੱਲ ਪੈਂਦੀ ਹੈ -

'ਹੱਥਾਂ ਬਾਝ ਕਰਾਰਿਆਂ<br>
ਵੈਰੀ ਮਿੱਤ ਨਾ ਹੋਏ।'

ਪਰ ਕੀ ਅਸੀਂ 'ਕਰਾਰੇ ਹੱਥ' ਵਿਖਾਉਣ ਲਈ ਤਿਆਰ ਹਾਂ ?